**SET-2**

**Series GBM**

ਕੋਡ ਨੰ. **226/2**

Candidates must write the Code on the title page of the answer-book.

ਰੋਲ ਨੰਬਰ | | | | | | | |

- ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਤੇ ਛਪੇ ਹੋਏ **8** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **30** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।

- Please check that this question paper contains **8** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **30** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਅਰਥਸ਼ਾਸਤ੍ਰ

## (ਪੰਜਾਬੀ ਉਲਥਾ)

# ECONOMICS

## (Punjabi Version)

*ਸਮਾਂ ਸੀਮਾਂ : 3 ਘੰਟੇ* | *ਪੂਰਨ ਅੰਕ : 100*

*Time allowed : 3 hours* | *Maximum Marks : 100*

***ਵਿਆਪਕ ਨਿਰਦੇਸ਼ :***

*(i)* *ਦੋਹਾਂ ਖੰਡਾਂ ਦੇ **ਸਾਰੇ** ਪ੍ਰਸ਼ਨ ਜ਼ਰੂਰੀ ਹਨ ।*

*(ii)* *ਹਰ ਇਕ ਪ੍ਰਸ਼ਨ ਦੇ ਨਿਰਧਾਰਿਤ ਅੰਕ ਉਸਦੇ ਸਾਹਮਣੇ ਦਿਤੇ ਗਏ ਹਨ ।*

*(iii)* *ਪ੍ਰਸ਼ਨ ਸੰਖਿਆ **1 – 5** ਅਤੇ **16 – 20** ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ ਦਾ **1** ਅੰਕ ਹੈ । ਇਨ੍ਹਾਂ ਚੋਂ ਹਰ ਪ੍ਰਸ਼ਨ ਦਾ ਉੱਤਰ ਕੇਵਲ **ਇੱਕ ਵਾਕ** ਵਿਚ ਦਿਓ ।*

*(iv)* *ਪ੍ਰਸ਼ਨ ਸੰਖਿਆ **6 – 8** ਅਤੇ **21 – 23** ਛੋਟੇ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ ਦੇ **3** ਅੰਕ ਹਨ । ਹਰ ਇਕ ਪ੍ਰਸ਼ਨ ਦਾ ਉੱਤਰ ਆਮਤੌਰ ਤੇ **60** ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(v)* *ਪ੍ਰਸ਼ਨ ਸੰਖਿਆ **9 – 11** ਅਤੇ **24 – 26** ਵੀ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ ਦੇ **4** ਅੰਕ ਹਨ । ਹਰ ਇਕ ਪ੍ਰਸ਼ਨ ਦਾ ਉੱਤਰ ਆਮਤੌਰ ਤੇ **70** ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(vi)* *ਪ੍ਰਸ਼ਨ ਸੰਖਿਆ **12 – 15** ਅਤੇ **27 – 30** ਵਿਆਖਿਆਤਮਕ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ ਦੇ **6** ਅੰਕ ਹਨ । ਹਰ ਇਕ ਪ੍ਰਸ਼ਨ ਦਾ ਉੱਤਰ ਆਮਤੌਰ ਤੇ **100** ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(vii)* *ਉੱਤਰ ਸੰਖੇਪ ਅਤੇ ਢੁਕਵੇ ਹੋਣੇ ਚਾਹੀਦੇ ਹਨ ਅਤੇ ਕੋਸਿਸ਼ ਕਰੋ ਕਿ ਦਿੱਤੀ ਹੋਈ ਸੀਮਾ ਵਿੱਚ ਹੀ ਦਿੱਤੇ ਜਾਣ ।*

## ਖੰਡ ਅ

**1.** ਅਨਧਿਮਾਨ (ਉਦਾਸੀਨਤਾ) ਵਕਰ ਦੀ ਪਰਿਭਾਸ਼ਾ ਦਿਓ । *1*

**2.** ਇਕ ਵਿਕਰੇਤਾ ਦਾ ਬਜ਼ਾਰ ਕੀਮਤ ਉਪਰ ਕੋਈ ਪਰਭਾਵ ***ਨਹੀਂ*** ਹੁੰਦਾ (ਸਹੀ ਵਿਕਲਪ ਚੁਣੋ) *1*

(a) ਪੂਰਨ ਪ੍ਰਤਿਯੋਗਤਾ ਵਿਚ

(b) ਏਕਾਧਿਕਾਰ (monopoly) ਵਿਚ

(c) ਏਕਾਧਿਕਾਰਾਤਮਕ ਪ੍ਰਤਿਯੋਗਤਾ ਵਿਚ

(d) ਉਪਰਲੇ ਸਾਰਿਆਂ ਵਿਚ

**3.** ਇਕ ਵਸਤੂ ਦੀ ਮੰਗ ਦੇ ਬਾਰੇ ਕੋਈ ਵੀ ਕਥਨ ਪੂਰਾ ਤਾਂ ਹੀ ਮੰਨਿਆ ਜਾਂਦਾ ਹੈ ਜਦੋਂ ਉਸ ਵਿਚ ਹੇਠ ਲਿਖੇ ਦਾ ਜ਼ਿਕਰ ਹੈ (ਸਹੀ ਵਿਕਲਪ ਚੁਣੋ) : *1*

(a) ਵਸਤੂ ਦੀ ਕੀਮਤ

(b) ਵਸਤੂ ਦੀ ਮਾਤਰਾ

(c) ਸਮਾਂ ਅਵਧੀ

(d) ਉਪਰਲੇ ਸਾਰੇ

**4.** ਏਕਾਧਿਕਾਰਾਤਮਕ ਪ੍ਰਤਿਯੋਗਤਾ ਦੀ ਕੋਈ ਇਕ ਵਿਸ਼ੇਸ਼ਤਾ ਦਸੋ । *1*

**5.** ਖਰਚ ਵਿਧੀ ਰਾਹੀਂ ਇਕ ਵਸਤੂ ਦੀ ਮੰਗ ਨੂੰ ਬੇਲੋਚ ਉਸ ਹਾਲਾਤ ਵਿਚ ਕਿਹਾ ਜਾਂਦਾ ਹੈ ਜਦੋਂ (ਸਹੀ ਵਿਕਲਪ ਚੁਣੋ) *1*

(a) ਵਸਤੂ ਦੀ ਕੀਮਤ ਡਿਗਦੀ ਹੈ, ਤਾਂ ਇਸ ਉਪਰ ਖਰਚ ਵਧਦਾ ਹੈ

(b) ਵਸਤੂ ਦੀ ਕੀਮਤ ਡਿਗਦੀ ਹੈ, ਤਾਂ ਇਸ ਉਪਰ ਖਰਚ ਘਟਦਾ ਹੈ

(c) ਵਸਤੂ ਦੀ ਕੀਮਤ ਡਿਗਦੀ ਹੈ, ਤਾਂ ਇਸ ਉਪਰ ਖਰਚ ਉਹੀ ਰਹਿੰਦਾ ਹੈ

(d) ਵਸਤੂ ਦੀ ਕੀਮਤ ਵਧਦੀ ਹੈ, ਤਾਂ ਇਸ ਉਪਰ ਖਰਚ ਘਟਦਾ ਹੈ

**6.** ਇਕ ਵਸਤੂ ਦੀ 'ਮੰਗ ਵਿਚ ਵਾਧਾ' ਅਤੇ 'ਮੰਗ-ਮਾਤਰਾ ਵਿਚ ਵਾਧਾ' ਵਿਚ ਅੰਤਰ ਸਪਸ਼ਟ ਕਰੋ । *3*

**ਜਾਂ**

'ਬਜਟ ਸੈਟ' ਅਤੇ 'ਬਜਟ ਰੇਖਾ' ਦੇ ਅਰਥ ਸਮਝਾਓ । *3*

**7.** ''ਕਿਸਦੇ ਲਈ ਉਤਪਾਦਨ ਕਰੀਏ'' ਦੀ ਸਮਸਿਆ ਦੀ ਵਿਆਖਿਆ ਕਰੋ । *3*

**8.** ਉਤਪਾਦਨ ਸੰਭਾਵਨਾ ਸੀਮਾ ਦੇ ਅਰਥ ਅਤੇ ਇਸ ਦੀਆਂ ਵਿਸ਼ੇਸ਼ਤਾਵਾਂ ਦਸੋ । *3*

**9.** ਬਜ਼ਾਰ ਪੂਰਤੀ ਦੀ ਪਰਿਭਾਸ਼ਾ ਦਿਓ । 'ਆਗਤਾਂ ਦੀ ਕੀਮਤ' ਕਾਰਕ ਦੀ ਵਿਆਖਿਆ ਕਰੋ, ਜਿਸਦੇ ਕਾਰਨ ਪੂਰਤੀ ਵਿਚ ਪਰਿਵਰਤਨ ਹੋ ਸਕਦੇ ਹਨ । *4*

**ਜਾਂ**

ਜਦੋਂ ਸਿਰਫ ਇਕ ਆਗਤ (input) ਦੀਆਂ ਇਕਾਈਆਂ ਦੀ ਮਾਤਰਾ ਵਧਾਈ ਜਾਂਦੀ ਹੈ ਅਤੇ ਹੋਰ ਆਗਤਾਂ ਨੂੰ ਸਥਿਰ ਰਖਿਆ ਜਾਂਦਾ ਹੈ ਤਾਂ ਸੀਮਾਂਤ ਉਤਪਾਦ ਅਤੇ ਕੁਲ ਉਤਪਾਦ ਦਾ ਵਰਤਾਉ ਕਿਹੋ ਜਿਹਾ ਹੋਵੇਗਾ ? ਦਸੋ । *4*

**10.** ਪੂਰਨ ਪ੍ਰਤਿਯੋਗਤਾ ਦੀ ''ਬਜ਼ਾਰ ਦੇ ਬਾਰੇ ਵਿਚ ਪੂਰਾ ਗਿਆਨ'' ਵਿਸ਼ੇਸ਼ਤਾ ਦੀ ਵਿਆਖਿਆ ਕਰੋ । *4*

**11.** ਇਕ ਸੰਖਿਆਤਮਕ ਉਦਾਹਰਣ ਦੀ ਸਹਾਇਤਾ ਨਾਲ ਹਰਾਸਮਾਨ ਸੀਮਾਂਤ ਪ੍ਰਤਿਸਥਾਪਨ ਦਰ ਦਾ ਅਰਥ ਸਮਝਾਓ । *4*

**12.** ਪੂਰਨ ਅਲਪਾਧਿਕਾਰ ਅਤੇ ਅਪੂਰਨ ਅਲਪਾਧਿਕਾਰ ਵਿਚ ਅੰਤਰ ਸਪਸ਼ਟ ਕਰੋ । ਅਲਪਾਧਿਕਾਰ ਵਿਚ ''ਫਰਮਾਂ ਦੇ ਦਰਮਿਆਨ ਪਰਸਪਰ ਨਿਰਭਰਤਾ'' ਵਿਸ਼ੇਸ਼ਤਾ ਦੀ ਵਿਆਖਿਆ ਵੀ ਕਰੋ । *6*

**ਜਾਂ**

ਇਕ ਸਾਰਣੀ ਦੀ ਸਹਾਇਤਾ ਨਾਲ ਮੰਗ ਦੀ ਅਧਿਕਤਾ ਅਤੇ ਪੂਰਤੀ ਦੀ ਅਧਿਕਤਾ ਦੇ ਅਰਥ ਸਮਝਾਓ । ਇਨ੍ਹਾਂ ਦੇ ਸੰਤੁਲਨ ਕੀਮਤ ਉਪਰ ਪ੍ਰਭਾਵ ਦੀ ਵਿਆਖਿਆ ਕਰੋ । *6*

**13.** ਹੇਠ ਲਿਖੀ ਸਾਰਣੀ (ਟੇਬਲ) ਨੂੰ ਪੂਰਾ ਕਰੋ : *6*

| ਉਤਪਾਦਨ (ਇਕਾਈਆਂ) | ਕੁਲ ਲਾਗਤ (₹) | ਔਸਤ ਪਰਿਵਰਤੀ ਲਾਗਤ (₹) | ਸੀਮਾਂਤ ਲਾਗਤ (₹) | ਔਸਤ ਸਥਿਰ ਲਾਗਤ (₹) |
|---|---|---|---|---|
| 0 | 30 | | | |
| 1 | .... | .... | 25 | 30 |
| 2 | 78 | .... | .... | .... |
| 3 | .... | 23 | .... | 10 |
| 4 | .... | .... | 23 | .... |
| 5 | 150 | .... | .... | 6 |

**14.** ਹੇਠ ਲਿਖੀ ਸਾਰਣੀ ਤੋਂ ਉਤਪਾਦਨ ਦਾ ਉਹ ਸਤਰ ਪਤਾ ਕਰੋ ਜਿਸ ਤੇ ਉਤਪਾਦਕ ਸੰਤੁਲਨ ਵਿਚ ਹੋਵੇਗਾ (ਸੀਮਾਂਤ ਲਾਗਤ ਅਤੇ ਸੀਮਾਂਤ ਸੰਪ੍ਰਾਪਤੀ (ਆਗਮ) ਵਿਧੀ ਪ੍ਰਯੋਗ ਕਰੋ) । ਆਪਣੇ ਉੱਤਰ ਦੇ ਲਈ ਕਾਰਨ ਦਿਓ । *6*

| ਉਤਪਾਦਨ (ਇਕਾਈਆਂ) | 1 | 2 | 3 | 4 | 5 |
|---|---|---|---|---|---|
| ਕੁਲ ਸੰਪ੍ਰਾਪਤੀ (ਆਗਮ) (₹) | 16 | 30 | 42 | 52 | 60 |
| ਕੁਲ ਲਾਗਤ (₹) | 14 | 27 | 39 | 49 | 61 |

**15.** ਜਦੋਂ ਇਕ ਵਸਤੂ ਦੀ ਕੀਮਤ ₹ 10 ਪ੍ਰਤੀ ਇਕਾਈ ਤੋਂ ਵਧ ਕੇ ₹ 12 ਪ੍ਰਤੀ ਇਕਾਈ ਹੁੰਦੀ ਹੈ ਤਾਂ ਇਸਦੀ ਮੰਗ ਮਾਤਰਾ 20 ਪ੍ਰਤਿਸ਼ਤ ਘਟ ਹੋ ਜਾਂਦੀ ਹੈ । ਇਸਦੀ ਮੰਗ ਦੀ ਕੀਮਤ ਲੋਚ ਦਾ ਲੇਖਾ ਕਰੋ । ਜੇਕਰ ਇਸਦੀ ਕੀਮਤ ₹ 10 ਪ੍ਰਤੀ ਇਕਾਈ ਤੋਂ ਵਧ ਕੇ ₹ 13 ਪ੍ਰਤੀ ਇਕਾਈ ਹੋ ਜਾਏ ਤਾਂ ਇਸਦੀ ਮੰਗ ਮਾਤਰਾ ਵਿਚ ਕਿਤਨਾ ਪ੍ਰਤਿਸ਼ਤ ਪਰਿਵਰਤਨ ਹੋਵੇਗਾ ? *6*

## ਖੰਡ ਬ

16. ਸੀਮਾਂਤ ਉਪਭੋਗ ਪਰਵਿਰਤੀ ਦੀ ਪਰਿਭਾਸ਼ਾ ਦਿਓ । *1*

17. ਸਰਕਾਰੀ ਬਜਟ ਦੀ ਪਰਿਭਾਸ਼ਾ ਦਿਓ । *1*

18. ਦੇਸ਼ੀ ਮੁਦਰਾ ਦੇ ਮੁੱਲਹਰਾਸ ਦਾ ਕੀ ਅਰਥ ਹੈ ? *1*

19. ਮੰਗ ਜਮਾਵਾਂ ਵਿਚ ਸ਼ਾਮਲ ਹਨ (ਸਹੀ ਵਿਕਲਪ ਚੁਣੋ) *1*

    (a) ਬਚਤ ਖਾਤਾ ਜਮ੍ਹਾਵਾਂ ਅਤੇ ਮਿਆਦੀ ਜਮ੍ਹਾਵਾਂ

    (b) ਬਚਤ ਖਾਤਾ ਜਮ੍ਹਾਵਾਂ ਅਤੇ ਚਾਲੂ ਖਾਤਾ ਜਮ੍ਹਾਵਾਂ

    (c) ਚਾਲੂ ਖਾਤਾ ਜਮ੍ਹਾਵਾਂ ਅਤੇ ਮਿਆਦੀ ਜਮ੍ਹਾਵਾਂ

    (d) ਸਭ ਪ੍ਰਕਾਰ ਦੀਆਂ ਜਮ੍ਹਾਵਾਂ

20. ਜੇਕਰ ਸੀਮਾਂਤ ਉਪਭੋਗ ਪਰਿਵਰਤੀ ਸੀਮਾਂਤ ਬਚਤ ਪਰਵਿਰਤੀ ਤੋਂ ਜ਼ਿਆਦਾ ਹੈ ਤਾਂ ਗੁਣਕ ਦਾ ਮੁਲ (ਸਹੀ ਵਿਕਲਪ ਚੁਣੋ) *1*

    (a) 2 ਤੋਂ ਜ਼ਿਆਦਾ ਹੋਵੇਗਾ

    (b) 2 ਤੋਂ ਘਟ ਹੋਵੇਗਾ

    (c) 2 ਦੇ ਬਰਾਬਰ ਹੋਵੇਗਾ

    (d) 5 ਦੇ ਬਰਾਬਰ ਹੋਵੇਗਾ

21. ਆਮਦਨ ਦੇ ਚੱਕਰੀ ਪ੍ਰਵਾਹ ਦੀ ਵਿਆਖਿਆ ਕਰੋ । *3*

22. ਪਰਤੱਖ ਕਰਾਂ ਅਤੇ ਅਪਰਤੱਖ ਕਰਾਂ ਵਿਚ ਅੰਤਰ ਸਪਸ਼ਟ ਕਰੋ । ਹਰ ਇਕ ਦਾ ਇਕ ਉਦਾਹਰਣ ਦਿਓ । *3*

23. ਵਸਤੂ ਵਿਨਿਮੇ ਪ੍ਰਣਾਲੀ ਦੇ ਅੰਤਰਗਤ ਆਉਣ ਵਾਲੀ ‘‘ਸੰਪਤੀ ਸੰਚਤ ਕਰਨ ਵਿਚ ਕਠਿਨਾਈ’’ ਸਮਸਿਆ ਦੇ ਬਾਰੇ ਸਮਝਾਓ । *3*

**ਜਾਂ**

ਮੁਦਰਾ ਦੇ ‘‘ਵਿਨਿਮੇ ਦਾ ਮਾਧਿਅਮ’’ ਕੰਮ ਦੇ ਬਾਰੇ ਸਮਝਾਓ । *3*

**24.** ਅਰਥ ਵਿਵਸਥਾ ਵਿਚ ਆਰਥਕ ਸਥਿਰਤਾ ਲਿਆਉਣ ਵਿਚ ਸਰਕਾਰੀ ਬਜਟ ਕਿਵੇਂ ਸਹਾਇਕ ਹੋ ਸਕਦਾ ਹੈ ? ਸਮਝਾਓ । *4*

**25.** ਕੇਂਦਰੀ ਬੈਂਕ ਦੇ ''ਬੈਂਕਾਂ ਦਾ ਬੈਂਕ'' ਕੰਮ ਦੀ ਵਿਆਖਿਆ ਕਰੋ । *4*

**ਜਾਂ**

ਵਪਾਰਕ ਬੈਂਕਾਂ ਰਾਹੀਂ ਸਾਖ ਨਿਰਮਾਣ ਦੀ ਪਰਕਿਰਿਆ ਦੀ ਵਿਆਖਿਆ ਕਰੋ । *4*

**26.** ਇਕ ਅਰਥ ਵਿਵਸਥਾ ਸੰਤੁਲਨ ਵਿਚ ਹੈ । ਹੇਠ ਲਿਖੇ ਅੰਕੜਿਆਂ ਤੋਂ ਸੀਮਾਂਤ ਬਚਤ ਪਰਵਿਰਤੀ ਦਾ ਲੇਖਾ ਕਰੋ : *4*

(a) ਆਮਦਨ = 10,000

(b) ਸੁਤੰਤਰ ਉਪਭੋਗ = 500

(c) ਉਪਭੋਗ ਖਰਚ = 8,000

**27.** ਦਿੱਤੇ ਗਏ ਉਪਭੋਗਤਾ ਵਕਰ ਤੋਂ ਬਚਤ ਵਕਰ ਪ੍ਰਾਪਤ ਕਰਨ ਦੇ ਲਈ ਲਏ ਜਾਣ ਵਾਲੇ ਕਦਮਾਂ ਦੀ ਰੂਪ ਰੇਖਾ ਦਿਓ । ਰੇਖਾ ਚਿੱਤਰ ਦੀ ਵਰਤੋਂ ਕਰੋ । *6*

**ਨੋਟ :** *ਹੇਠ ਲਿਖਿਆ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਲਈ ਪ੍ਰਸ਼ਨ ਸੰਖਿਆ 27 ਦੇ ਥਾਂ ਬਦਲਵਾਂ ਪ੍ਰਸ਼ਨ ਹੈ ।*

ਰਾਸ਼ਟਰੀ ਆਮਦਨ ਸੰਤੁਲਨ ਦੀਆਂ ਦੋ ਵਿਕਲਪਿਤ ਸ਼ਰਤਾਂ ਦੱਸੋ । ਜੇਕਰ ਅਰਥ ਵਿਵਸਥਾ ਸੰਤੁਲਨ ਵਿਚ ਨਾ ਹੋਵੇ ਤਾਂ ਕੀ ਹੋਣ ਦੀ ਸੰਭਾਵਨਾ ਹੋ ਸਕਦੀ ਹੈ ? ਸਮਝਾਓ । *6*

**28.** ਮੁੱਲ ਵਾਧਾ ਵਿਧੀ ਰਾਹੀਂ ਰਾਸ਼ਟਰੀ ਆਮਦਨ ਦਾ ਅੰਕਲਣ (ਲੇਖਾ) ਕਰਦੇ ਸਮੇਂ ਧਿਆਨ ਵਿਚ ਰਖੀਆਂ ਜਾਣ ਵਾਲੀਆਂ ਸਾਵਧਾਨੀਆਂ ਦੀ ਵਿਆਖਿਆ ਕਰੋ ।

**ਜਾਂ**

ਕੀ ਹੇਠ ਲਿਖਿਆਂ ਨੂੰ ਭਾਰਤ ਦੀ ਰਾਸ਼ਟਰੀ ਆਮਦਨ ਵਿਚ ਸ਼ਾਮਲ ਕੀਤਾ ਜਾਏਗਾ ? ਆਪਣੇ ਉੱਤਰ ਦੇ ਲਈ ਕਾਰਨ ਦਿਓ ।

(a) ਹੜ੍ਹਾਂ ਦੇ ਸ਼ਿਕਾਰਾਂ ਨੂੰ ਮਾਲੀ ਸਹਾਇਤਾ

(b) ਭਾਰਤ ਵਿਚ ਵਿਦੇਸ਼ੀ ਬੈਂਕ ਦੀਆਂ ਸ਼ਾਖਾਵਾਂ ਰਾਹੀਂ ਕਮਾਇਆ ਲਾਭ

(c) ਭਾਰਤ ਵਿਚ ਅਮਰੀਕੀ ਦੂਤਾਵਾਸ ਵਿਚ ਕੰਮ ਕਰ ਰਹੇ ਭਾਰਤੀਆਂ ਦੀ ਤਨਖਾਹ *6*

**29.** (a) ਬਜ਼ਾਰ ਮੁਲ ਉਪਰ ਨਿਵਲ ਰਾਸ਼ਟਰੀ ਉਤਪਾਦ ਅਤੇ (b) ਸਕਲ ਰਾਸ਼ਟਰੀ ਪ੍ਰਯੋਜੇ ਆਮਦਨ ਦਾ ਲੇਖਾ (ਪਰਿਕਲਨ) ਕਰੋ : *6*

*(₹ ਕਰੋੜਾਂ ਵਿਚ)*

| | | |
|---|---|---|
| (i) | ਸਵੈ-ਨਿਯੋਜਤਾਂ ਦੀ ਮਿਸ਼ਰਤ ਆਮਦਨ | 8,000 |
| (ii) | ਘਿਸਾਵਟ (ਮੁੱਲਹਰਾਸ) | 200 |
| (iii) | ਲਾਭ | 1,000 |
| (iv) | ਕਿਰਾਇਆ | 600 |
| (v) | ਵਿਆਜ | 700 |
| (vi) | ਕਰਮਚਾਰੀਆਂ ਦਾ ਮਿਹਨਤਾਨਾ | 3,000 |
| (vii) | ਨਿਵਲ ਅਪਰਤੱਖ ਕਰ | 500 |
| (viii) | ਵਿਦੇਸ਼ਾ ਨੂੰ ਨਿਵਲ ਕਾਰਕ ਆਮਦਨ | 60 |
| (ix) | ਨਿਵਲ ਨਿਰਯਾਤ | (–) 50 |
| (x) | ਵਿਦੇਸ਼ਾਂ ਨੂੰ ਨਿਵਲ ਚਾਲੂ ਹਸਤਾਂਤਰਣ | 20 |

**30.** ਭੁਗਤਾਨ ਸੰਤੁਲਨ ਲੇਖਾ ਦੇ (a) ਚਾਲੂ ਖਾਤਾ ਅਤੇ ਪੂੰਜੀਗਤ ਖਾਤਾ ਦੇ ਦਰਮਿਆਨ ਅਤੇ (b) ਸੁਤੰਤਰ ਅਤੇ ਸਮਾਯੋਜਨ ਲਈ ਸੌਦਿਆਂ ਦੇ ਦਰਮਿਆਨ ਅੰਤਰ ਸਪਸ਼ਟ ਕਰੋ । *6*